# ਮੇਅਰ ਲਈ ਉਪ ਚੋਣ

By-Election
VOTE
June 26

**26 ਜੂਨ**

TORONTO

# ਡਾਕ ਰਾਹੀਂ ਵੋਟ ਪਾਉਣ ਲਈ ਅਪਲਾਈ ਕਰੋ

ਇਸ ਉਪ-ਚੋਣ ਲਈ ਤੁਸੀਂ ਡਾਕ ਰਾਹੀਂ ਵੋਟ ਪਾਉਣ ਦੀ ਚੋਣ ਕਰ ਸਕਦੇ ਹੋ। Toronto.ca/VoteByMail 'ਤੇ 1 ਮਈ - 26 ਦੇ ਵਿਚਕਾਰ ਆਪਣੀ ਅਰਜ਼ੀ ਸਬਮਿਟ ਕਰੋ।

# ਮਾਇ ਵੋਟ (MyVote) ਨਾਲ ਸ਼ੁਰੂਆਤ ਕਰੋ

1 ਮਈ ਤੋਂ, ਜਾਂਚ ਕਰੋ ਕਿ ਤੁਸੀਂ ਵੋਟਰ ਸੂਚੀ ਵਿੱਚ ਹੋ, toronto.ca/MyVote 'ਤੇ ਆਪਣੇ ਵਾਰਡ ਅਤੇ ਮੇਅਰ ਲਈ ਚੋਣ ਲੜ ਰਹੇ ਉਮੀਦਵਾਰਾਂ ਨੂੰ ਲੱਭੋ।

# ਮੁੱਖ ਤਰੀਕਾਂ

### 1 ਮਈ

- **ਮੇਲ-ਇਨ ਵੋਟਿੰਗ** ਲਈ ਅਪਲਾਈ ਕਰਨ ਦਾ ਪਹਿਲਾ ਦਿਨ
- **ਵੋਟਰ ਸੂਚੀ** ਵਿੱਚ ਆਪਣੀ ਜਾਣਕਾਰੀ ਜੋੜਨ, ਬਦਲਣ ਜਾਂ ਅੱਪਡੇਟ ਕਰਨ ਦਾ ਪਹਿਲਾ ਦਿਨ

### 15 ਮਈ

- ਇੱਕ **ਪ੍ਰੌਕਸੀ** ਫਾਰਮ ਪ੍ਰਾਪਤ ਕਰਨ ਅਤੇ VoterRegistration@toronto.ca 'ਤੇ ਈਮੇਲ ਕਰਕੇ ਜਾਂ 311 'ਤੇ ਕਾਲ ਕਰਕੇ ਇਸ ਨੂੰ ਪ੍ਰਮਾਣਿਤ ਕਰਵਾਉਣ ਲਈ ਅਪੌਇੰਟਮੈਂਟ ਬੁੱਕ ਕਰਨ ਦਾ ਪਹਿਲਾ ਦਿਨ।

### 23 ਮਈ

- **ਵੋਟਰ ਜਾਣਕਾਰੀ ਕਾਰਡ (VICs)** ਯੋਗ ਵੋਟਰਾਂ ਨੂੰ ਡਾਕ ਰਾਹੀਂ ਭੇਜੇ ਜਾਂਦੇ ਹਨ
    - ਸਿਰਫ਼ ਯੋਗ ਵੋਟਰ ਜੋ 14 ਮਈ, 2023 ਤੱਕ ਵੋਟਰ ਸੂਚੀ ਵਿੱਚ ਹਨ, ਮੇਲ ਵਿੱਚ ਇੱਕ VIC ਪ੍ਰਾਪਤ ਕਰਨਗੇ। ਜੇਕਰ ਤੁਸੀਂ ਵੋਟਰ ਸੂਚੀ ਵਿੱਚ ਹੋ ਅਤੇ ਡਾਕ ਵਿੱਚ VIC ਪ੍ਰਾਪਤ ਨਹੀਂ ਕਰਦੇ, ਤਾਂ ਤੁਸੀਂ toronto.ca/MyVote 'ਤੇ Myvote ਦੀ ਵਰਤੋਂ ਕਰਕੇ ਆਪਣੇ ਕਾਰਡ ਤੱਕ ਪਹੁੰਚ ਸਕਦੇ ਹੋ।

### 26 ਮਈ

- **ਮੇਲ-ਇਨ ਵੋਟਿੰਗ** ਲਈ 4:30 ਵਜੇ ਤੱਕ ਅਪਲਾਈ ਕਰਨ ਦੀ ਅੰਤਿਮ ਮਿਤੀ

## 8 ਜੂਨ ਤੋਂ 13 ਜੂਨ

- ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਛੇ ਦਿਨ ਦੀ **ਐਡਵਾਂਸ ਵੋਟਿੰਗ**

## 15 ਜੂਨ

- ਪੂਰੇ ਕੀਤੇ **ਮੇਲ-ਇਨ ਵੋਟਿੰਗ** ਪੈਕੇਜ ਦੁਪਹਿਰ (12 ਵਜੇ) ਤੱਕ ਪ੍ਰਾਪਤ ਹੋਣੇ ਲਾਜ਼ਮੀ ਹਨ

## ਸੋਮਵਾਰ, 26 ਜੂਨ

- ਚੋਣਾਂ ਵਾਲੇ ਦਿਨ ਸਵੇਰੇ 10 ਵਜੇ ਤੋਂ ਸ਼ਾਮ 8 ਵਜੇ ਤੱਕ

# ਵੋਟਿੰਗ ਵਿਕਲਪ

## ਵਿਅਕਤੀਗਤ ਤੌਰ 'ਤੇ

ਤੁਸੀਂ ਉਪਲਬਧ ਵੋਟਿੰਗ ਦਿਨਾਂ ਵਿੱਚੋਂ ਕਿਸੇ ਵੀ ਦਿਨ ਵਿਅਕਤੀਗਤ ਤੌਰ 'ਤੇ ਵੋਟ ਕਰ ਸਕਦੇ ਹੋ। ਐਡਵਾਂਸ ਵੋਟਿੰਗ ਦੌਰਾਨ (8 ਜੂਨ ਤੋਂ 13 ਜੂਨ) ਜਲਦੀ ਵੋਟ ਪਾਓ ਜਾਂ ਚੋਣਾਂ ਵਾਲੇ ਦਿਨ, ਸੋਮਵਾਰ, 26 ਜੂਨ ਨੂੰ ਵੋਟ ਪਾਓ।

## ਡਾਕ ਦੁਆਰਾ

### ਕਦਮ 1: ਮੇਲ-ਇਨ ਵੋਟਿੰਗ ਲਈ ਅਪਲਾਈ ਕਰੋ

- 1 ਮਈ ਤੋਂ, toronto.ca/VoteByMail 'ਤੇ ਜਾਓ
- ਅਪਲਾਈ ਕਰਨ ਦੀ ਅੰਤਮ ਤਾਰੀਖ ਸ਼ੁੱਕਰਵਾਰ, 26 ਮਈ ਸ਼ਾਮ 4:30 ਵਜੇ ਹੈ।

### ਕਦਮ 2: ਆਪਣਾ ਪੈਕੇਜ ਪੂਰਾ ਕਰੋ

ਮਨਜ਼ੂਰੀ ਦੇਣ ਤੋਂ ਬਾਅਦ, 23 ਮਈ ਤੋਂ ਸ਼ੁਰੂ ਕਰਦੇ ਹੋਏ ਤੁਹਾਨੂੰ ਪੂਰਾ ਕਰਨ ਲਈ ਇੱਕ ਮੇਲ-ਇਨ ਵੋਟਿੰਗ ਪੈਕੇਜ ਭੇਜਿਆ ਜਾਵੇਗਾ।

- ਘੋਸ਼ਣਾ ਫਾਰਮ 'ਤੇ **ਦਸਤਖਤ ਕਰੋ**
- ਬੈਲਟ 'ਤੇ **ਨਿਸ਼ਾਨ ਲਗਾਓ**
- ਸੀਲਬੰਦ ਸੀਕਰੇਸੀ ਲਿਫਾਫੇ ਨੂੰ ਪੀਲੇ ਰਿਟਰਨ ਲਿਫਾਫੇ **ਵਿੱਚ ਪਾਓ**

### ਕਦਮ 3: ਆਪਣਾ ਪੈਕੇਜ ਮੇਲ ਕਰੋ

- ਆਪਣਾ ਪੂਰਾ ਪੈਕੇਜ ਕਿਸੇ ਵੀ ਕੈਨੇਡਾ ਪੋਸਟ ਮੇਲਬਾਕਸ ਵਿੱਚ ਲੈ ਜਾਓ ਜਾਂ ਇਸਨੂੰ ਪੀਲੇ ਟੋਰਾਂਟੋ ਇਲੈਕਸ਼ਨਜ਼ ਡ੍ਰੌਪ ਬਾਕਸ ਵਿੱਚੋਂ ਕਿਸੇ ਇੱਕ ਵਿੱਚ ਪਹੁੰਚਾਓ।
- ਹਰੇਕ ਵਾਰਡ ਵਿੱਚ 1 ਜੂਨ ਤੋਂ ਇੱਕ ਪੀਲਾ ਡ੍ਰੌਪ ਬਾਕਸ ਉਪਲਬਧ ਹੋਵੇਗਾ। ਸਥਾਨਾਂ ਨੂੰ toronto.ca/VoteByMail 'ਤੇ ਸੂਚੀਬੱਧ ਕੀਤਾ ਗਿਆ ਹੈ।
- ਪੂਰੇ ਕੀਤੇ ਪੈਕੇਜ **15 ਜੂਨ ਨੂੰ ਦੁਪਹਿਰ (12 ਵਜੇ)** ਤੱਕ ਪ੍ਰਾਪਤ ਹੋਣੇ ਲਾਜ਼ਮੀ ਹਨ।

## ਸਵਾਲਾਂ ਜਾਂ ਪਹੁੰਚਯੋਗਤਾ ਜਾਣਕਾਰੀ ਲਈ

- elections@toronto.ca 'ਤੇ ਈਮੇਲ ਜਾਂ 311 'ਤੇ ਕਾਲ ਕਰੋ
- toronto.ca/VoteByMail 'ਤੇ ਹੋਰ ਜਾਣੋ

TORONTO

## ਪ੍ਰੌਕਸੀ ਦੁਆਰਾ

ਜੇਕਰ ਤੁਸੀਂ ਵਿਅਕਤੀਗਤ ਤੌਰ 'ਤੇ ਜਾਂ ਡਾਕ ਰਾਹੀਂ ਵੋਟ ਨਹੀਂ ਪਾ ਸਕਦੇ ਹੋ, ਤਾਂ ਤੁਸੀਂ ਵੋਟਿੰਗ ਪ੍ਰੌਕਸੀ ਨਿਯੁਕਤ ਕਰ ਸਕਦੇ ਹੋ। ਇੱਕ ਪ੍ਰੌਕਸੀ ਉਹ ਵਿਅਕਤੀ ਹੁੰਦਾ ਹੈ ਜਿਸਨੂੰ ਤੁਸੀਂ ਆਪਣੀ ਤਰਫ਼ੋਂ ਵੋਟ ਦੇਣ ਲਈ ਭਰੋਸਾ ਕਰਦੇ ਹੋ ਅਤੇ ਮੇਅਰ ਲਈ 2023 ਦੀ ਉਪ ਚੋਣ ਵਿੱਚ ਇੱਕ ਯੋਗ ਵੋਟਰ ਹੈ। ਤੁਹਾਡੇ ਅਤੇ ਤੁਹਾਡੇ ਪ੍ਰੌਕਸੀ ਦੁਆਰਾ ਦਸਤਖਤ ਕੀਤੇ ਗਏ ਇੱਕ ਵੋਟਿੰਗ ਪ੍ਰੌਕਸੀ ਅਪੌਇੰਟਮੈਂਟ ਫਾਰਮ ਨੂੰ ਭਰੋ, ਅਤੇ ਇਸਨੂੰ 26 ਜੂਨ ਤੋਂ ਪਹਿਲਾਂ ਸ਼ਾਮ 4:30 ਵਜੇ ਸਿਟੀ ਕਲਰਕ ਦੁਆਰਾ ਪ੍ਰਮਾਣਿਤ ਕਰਵਾਓ।

15 ਮਈ ਤੋਂ, ਇੱਕ ਪ੍ਰੌਕਸੀ ਫਾਰਮ ਪ੍ਰਾਪਤ ਕਰਨ ਲਈ ਟੋਰੌਂਟੋ ਇਲੈਕਸ਼ਨਜ਼ ਨਾਲ ਸੰਪਰਕ ਕਰੋ ਅਤੇ VoterRegistration@toronto.ca 'ਤੇ ਈਮੇਲ ਕਰਕੇ ਜਾਂ 311 'ਤੇ ਕਾਲ ਕਰਕੇ ਇਸ ਨੂੰ ਪ੍ਰਮਾਣਿਤ ਕਰਵਾਉਣ ਲਈ ਅਪੌਇੰਟਮੈਂਟ ਬੁੱਕ ਕਰੋ।

toronto.ca/ByElection 'ਤੇ ਹੋਰ ਜਾਣੋ

# ਕੌਣ ਵੋਟ ਕਰ ਸਕਦਾ ਹੈ

ਮੇਅਰ ਲਈ 2023 ਉਪ-ਚੋਣ ਵਿੱਚ ਵੋਟ ਪਾਉਣ ਲਈ, ਤੁਹਾਨੂੰ ਇਹ ਹੋਣਾ ਲਾਜ਼ਮੀ ਹੈ:

- ਇੱਕ ਕਨੇਡੀਅਨ ਨਾਗਰਿਕ; ਅਤੇ
- ਘੱਟੋ-ਘੱਟ 18 ਸਾਲ ਦੇ ਹੋ; ਅਤੇ
- ਟੋਰੌਂਟੋ ਸ਼ਹਿਰ ਵਿੱਚ ਇੱਕ ਨਿਵਾਸੀ ਹੋ; ਜਾਂ
- ਟੋਰੌਂਟੋ ਦੇ ਗੈਰ-ਨਿਵਾਸੀ ਹੋ, ਪਰ ਤੁਸੀਂ ਜਾਂ ਤੁਹਾਡਾ ਜੀਵਨ ਸਾਥੀ ਸ਼ਹਿਰ ਵਿੱਚ ਜਾਇਦਾਦ ਦੇ ਮਾਲਕ ਹੋ ਜਾਂ ਕਿਰਾਏਦਾਰ ਹੋ; ਅਤੇ
- ਕਿਸੇ ਕਾਨੂੰਨ ਅਧੀਨ ਵੋਟ ਪਾਉਣ ਦੀ ਮਨਾਹੀ ਨਹੀਂ ਹੈ।

ਤੁਸੀਂ ਸਿਰਫ਼ ਇੱਕ ਵਾਰ ਵੋਟ ਪਾ ਸਕਦੇ ਹੋ, ਭਾਵੇਂ ਤੁਸੀਂ ਸ਼ਹਿਰ ਵਿੱਚ ਕਿੰਨੀਆਂ ਵੀ ਜਾਇਦਾਦਾਂ ਦੇ ਮਾਲਕ ਹੋ ਜਾਂ ਕਿਰਾਏਦਾਰ ਹੋ।

# ਵੋਟਰਾਂ ਦੀ ਸੂਚੀ ਵਿੱਚ ਸ਼ਾਮਲ ਹੋਵੋ

ਇਹ ਜਾਂਚ ਕਰਨਾ ਮਹੱਤਵਪੂਰਨ ਹੈ ਕਿ ਵੋਟਰ ਸੂਚੀ 'ਤੇ ਤੁਹਾਡੀ ਜਾਣਕਾਰੀ ਸਹੀ ਹੈ, ਖਾਸ ਕਰਕੇ ਜੇਕਰ ਤੁਸੀਂ ਪਿਛਲੀਆਂ ਚੋਣਾਂ ਤੋਂ ਬਾਅਦ ਮੂਵ ਹੋਏ ਹੋ ਜਾਂ ਆਪਣਾ ਨਾਮ ਬਦਲਿਆ ਹੈ। ਜੇਕਰ ਤੁਸੀਂ ਵੋਟਰ ਸੂਚੀ ਵਿੱਚ ਹੋ ਤਾਂ ਤੁਹਾਨੂੰ ਡਾਕ ਵਿੱਚ ਇੱਕ ਵੋਟਰ ਜਾਣਕਾਰੀ ਕਾਰਡ ਪ੍ਰਾਪਤ ਹੋਵੇਗਾ।

1 ਮਈ ਤੋਂ 26 ਮਈ ਤੱਕ, ਵੋਟਰ ਸੂਚੀ ਵਿੱਚ ਆਪਣੀ ਜਾਣਕਾਰੀ ਦੀ ਜਾਂਚ ਕਰੋ, ਜੋੜੋ ਜਾਂ ਅੱਪਡੇਟ ਕਰੋ:

- toronto.ca/MyVote 'ਤੇ ਜਾ ਕੇ
- ਈਮੇਲ ਕਰਕੇ: VoterRegistration@toronto.ca
- 311 'ਤੇ ਕਾਲ ਕਰਕੇ

26 ਮਈ ਤੋਂ ਬਾਅਦ, ਜਦੋਂ ਤੁਸੀਂ ਐਡਵਾਂਸ ਵੋਟ (8 ਤੋਂ 13 ਜੂਨ) ਜਾਂ ਚੋਣਾਂ ਵਾਲੇ ਦਿਨ (26 ਜੂਨ) ਨੂੰ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਜਾਂਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰ ਸਕਦੇ ਹੋ।

**ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਤੁਹਾਨੂੰ ਆਈਡੀ ਜ਼ਰੂਰ ਲਿਆਉਣੀ ਚਾਹੀਦੀ ਹੈ, ਭਾਵੇਂ ਤੁਸੀਂ ਵੋਟਰ ਸੂਚੀ ਵਿੱਚ ਹੋਵੋ।**

# ਵੋਟਿੰਗ ਦੇ ਦਿਨ

## ਚੋਣ ਦਾ ਦਿਨ

ਸੋਮਵਾਰ, 26 ਜੂਨ, 2023 ਸਵੇਰੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਜੇਕਰ ਤੁਸੀਂ ਚੋਣਾਂ ਵਾਲੇ ਦਿਨ ਵੋਟ ਪਾਉਣ ਦੀ ਚੋਣ ਕਰਦੇ ਹੋ ਅਤੇ ਤੁਸੀਂ ਕਈ ਪ੍ਰਾਪਰਟੀਆਂ ਦੇ ਮਾਲਕ ਹੋ ਜਾਂ ਕਿਰਾਏ 'ਤੇ ਦਿੰਦੇ ਹੋ, ਤਾਂ ਤੁਸੀਂ ਸਿਰਫ਼ ਇੱਕ ਵਾਰ ਵੋਟ ਪਾ ਸਕਦੇ ਹੋ ਅਤੇ ਤੁਹਾਨੂੰ ਉਸ ਵਾਰਡ ਵਿੱਚ ਵੋਟ ਪਾਉਣੀ ਚਾਹੀਦੀ ਹੈ ਜਿੱਥੇ ਤੁਸੀਂ ਰਹਿੰਦੇ ਹੋ।

## ਐਡਵਾਂਸ ਵੋਟਿੰਗ ਦਿਨ

ਐਡਵਾਂਸ ਵੋਟਿੰਗ ਦੇ ਛੇ ਦਿਨਾਂ ਦੌਰਾਨ, ਵੀਰਵਾਰ, 8 ਜੂਨ ਤੋਂ ਮੰਗਲਵਾਰ, 13 ਜੂਨ ਨੂੰ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਜਲਦੀ ਵੋਟ ਪਾਓ।

MyVote ਦੀ ਵਰਤੋਂ ਕਰਕੇ ਜਾਂ toronto.ca/AdvanceVote 'ਤੇ ਜਾ ਕੇ ਆਪਣੇ ਵੋਟਰ ਜਾਣਕਾਰੀ ਕਾਰਡ 'ਤੇ ਐਡਵਾਂਸ ਵੋਟ ਟਿਕਾਣੇ ਲੱਭੋ। ਐਡਵਾਂਸ ਵੋਟਿੰਗ ਦਿਨਾਂ ਦੌਰਾਨ ਤੁਸੀਂ ਪੂਰੇ ਸ਼ਹਿਰ ਵਿੱਚ ਉਪਲਬਧ ਕਿਸੇ ਵੀ ਵੋਟਿੰਗ ਸਥਾਨਾਂ 'ਤੇ ਵੋਟ ਪਾ ਸਕਦੇ ਹੋ।

# ਵਿਦਿਆਰਥੀਆਂ ਲਈ ਜਾਣਕਾਰੀ

ਜੇ ਤੁਸੀਂ ਇੱਕ ਵਿਦਿਆਰਥੀ ਹੋ ਅਤੇ ਉਸ ਥਾਂ ਨੂੰ ਆਪਣਾ"ਘਰ" ਮੰਨਦੇ ਹੋ ਜਿੱਥੇ ਤੁਸੀਂ ਉਦੋਂ ਰਹਿੰਦੇ ਹੋ ਜਦੋਂ ਤੁਸੀਂ ਸਕੂਲ ਨਹੀਂ ਜਾਂਦੇ, ਜਿਸਦਾ ਮਤਲਬ ਹੈ ਕਿ ਤੁਸੀਂ ਉੱਥੇ ਵਾਪਸ ਜਾਣ ਦੀ ਯੋਜਨਾ ਬਣਾਉਂਦੇ ਹੋ, ਤਾਂ ਤੁਸੀਂ ਆਪਣੇ "ਘਰ" ਵਾਲੀ ਨਗਰਪਾਲਿਕਾ ਅਤੇ ਉਸ ਨਗਰਪਾਲਿਕਾ ਜਿੱਥੇ ਤੁਸੀਂ ਸਕੂਲ ਵਿਚ ਪੜ੍ਹਦੇ ਸਮੇਂ ਰਹਿ ਰਹੇ ਹੋ, ਦੋਵਾਂ ਵਿੱਚ ਵੋਟ ਪਾਉਣ ਦੇ ਯੋਗ ਹੋ। toronto.ca/ByElection 'ਤੇ ਹੋਰ ਜਾਣੋ

# MyVote

MyVote ਵੈੱਬ ਐਪਲੀਕੇਸ਼ਨ ਵਿੱਚ ਮੇਅਰ ਲਈ 2023 ਉਪ-ਚੋਣਾਂ ਲਈ ਤੁਹਾਨੂੰ ਸ਼ੁਰੂ ਕਰਨ ਲਈ ਸਭ ਕੁਝ ਹੈ।

1 ਮਈ ਤੋਂ, **toronto.ca/MyVote** 'ਤੇ ਜਾਓ ਅਤੇ ਆਪਣਾ ਟੋਰਾਂਟੋ ਪਤਾ ਦਰਜ ਕਰੋ:

- ਪਤਾ ਕਰੋ ਕਿ ਕੀ ਤੁਸੀਂ ਵੋਟਰ ਸੂਚੀ ਵਿੱਚ ਹੋ
- ਆਪਣੀ ਵੋਟਰ ਸੂਚੀ ਦੀ ਜਾਣਕਾਰੀ ਵਿੱਚ ਸ਼ਾਮਲ ਕਰੋ, ਬਦਲੋ ਜਾਂ ਅਪਡੇਟ ਕਰੋ (26 ਮਈ ਤੱਕ)
- ਮੇਅਰ ਲਈ ਚੋਣ ਲੜ ਰਹੇ ਉਮੀਦਵਾਰਾਂ ਦੀ ਜਾਂਚ ਕਰੋ
- ਆਪਣਾ ਵਾਰਡ ਅਤੇ ਨਕਸ਼ਾ ਦੇਖੋ
- ਆਪਣਾ ਵੋਟਰ ਜਾਣਕਾਰੀ ਕਾਰਡ ਦੇਖੋ, ਡਾਊਨਲੋਡ ਕਰੋ ਜਾਂ ਪ੍ਰਿੰਟ ਕਰੋ (1 ਜੂਨ ਤੋਂ ਸ਼ੁਰੂ)

- ਪਤਾ ਕਰੋ ਕਿ ਕਿੱਥੇ ਅਤੇ ਕਦੋਂ ਵੋਟ ਪਾਉਣੀ ਹੈ (1 ਜੂਨ ਤੋਂ ਸ਼ੁਰੂ)
- ਆਪਣੇ ਵੋਟਿੰਗ ਸਥਾਨ ਬਾਰੇ ਪਹੁੰਚਯੋਗਤਾ ਜਾਣਕਾਰੀ ਦੇਖੋ (1 ਜੂਨ ਤੋਂ ਸ਼ੁਰੂ)
- ਆਪਣੀ ਬੈਲਟ ਦਾ ਨਮੂਨਾ ਦੇਖੋ (1 ਜੂਨ ਤੋਂ ਸ਼ੁਰੂ)

ਵਿਅਕਤੀਗਤ ਤੌਰ 'ਤੇ ਵੋਟ ਪਾਉਣ ਤੋਂ ਪਹਿਲਾਂ MyVote ਦੀ ਜਾਂਚ ਕਰਨਾ ਜਾਰੀ ਰੱਖੋ, ਕਿਉਂਕਿ ਵੋਟਿੰਗ ਸਥਾਨ ਬਦਲ ਸਕਦੇ ਹਨ।

# ਵੋਟਰ ਜਾਣਕਾਰੀ ਕਾਰਡ

**ਵੋਟਰ ਜਾਣਕਾਰੀ ਕਾਰਡ (VICs) 23 ਮਈ ਤੋਂ ਡਾਕ ਵਿੱਚ ਹੋਣਗੇ।** ਤੁਹਾਡੇ VIC ਨੂੰ ਵੋਟਿੰਗ ਸਥਾਨ 'ਤੇ ਲੈ ਜਾਣ ਨਾਲ ਵੋਟਿੰਗ ਪ੍ਰਕਿਰਿਆ ਆਸਾਨ ਹੋ ਜਾਵੇਗੀ। ਤੁਹਾਡੀ VIC ਨੂੰ ਪਛਾਣ ਵਜੋਂ ਨਹੀਂ ਵਰਤਿਆ ਜਾ ਸਕਦਾ।

ਵੋਟ ਪਾਉਣ ਲਈ ਤੁਹਾਨੂੰ VIC ਦੀ ਲੋੜ ਨਹੀਂ ਹੈ।

- ਜੇਕਰ ਤੁਸੀਂ ਵੋਟਰ ਸੂਚੀ ਵਿੱਚ ਹੋ ਅਤੇ ਤੁਹਾਨੂੰ ਆਪਣਾ VIC ਪ੍ਰਾਪਤ ਨਹੀਂ ਹੁੰਦਾ, ਪਰ ਤੁਹਾਡੇ ਪਰਿਵਾਰ ਵਿੱਚ ਕਿਸੇ ਹੋਰ ਨੂੰ ਹੁੰਦਾ ਹੈ, ਤਾਂ ਅਜਿਹਾ ਇਸ ਲਈ ਹੋ ਸਕਦਾ ਹੈ ਕਿਉਂਕਿ ਕੈਨੇਡਾ ਪੋਸਟ ਬੈਚਾਂ ਵਿੱਚ ਕਾਰਡ ਭੇਜਦੀ ਹੈ।
- ਜੇਕਰ ਤੁਸੀਂ ਇੱਕ ਤੋਂ ਵੱਧ VIC ਪ੍ਰਾਪਤ ਕਰਦੇ ਹੋ, ਤਾਂ ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ, ਤਾਂ ਸਭ ਤੋਂ ਸਟੀਕ ਕਾਰਡ ਲਿਆਓ ਜੋ ਤੁਹਾਡੀ ਪਛਾਣ ਨਾਲ ਮੇਲ ਖਾਂਦਾ ਹੋਵੇ।
- ਜੇਕਰ ਤੁਸੀਂ ਆਪਣਾ VIC ਪ੍ਰਾਪਤ ਕਰਦੇ ਹੋ, ਪਰ ਜਾਣਕਾਰੀ ਗਲਤ ਹੈ, ਤਾਂ ਤੁਸੀਂ ਵੋਟ ਪਾਉਣ ਵੇਲੇ ਕਾਰਡ ਆਪਣੇ ਨਾਲ ਲਿਆ ਸਕਦੇ ਹੋ ਅਤੇ ਵੋਟਰ ਸੂਚੀ ਸੋਧ ਅਰਜ਼ੀ ਨੂੰ ਪੂਰਾ ਕਰਨ ਲਈ ਕਹਿ ਸਕਦੇ ਹੋ।
- ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਲਈ VIC ਪ੍ਰਾਪਤ ਕਰਦੇ ਹੋ ਜੋ ਤੁਹਾਡੇ ਪਰਿਵਾਰ ਵਿੱਚ ਨਹੀਂ ਰਹਿੰਦਾ ਹੈ, ਤਾਂ ਤੁਸੀਂ ਕਾਰਡ 'ਤੇ **Return to Sender** ਲਿਖ ਸਕਦੇ ਹੋ ਅਤੇ ਇਸਨੂੰ ਕੈਨੇਡਾ ਪੋਸਟ ਦੇ ਕਿਸੇ ਵੀ ਡਾਕਬਾਕਸ ਵਿੱਚ ਸੁੱਟ ਸਕਦੇ ਹੋ।

toronto.ca/VIC 'ਤੇ ਹੋਰ ਜਾਣੋ

# ਪਹੁੰਚਯੋਗਤਾ(Accessibility) ਜਾਣਕਾਰੀ

## ਜੇਕਰ ਤੁਹਾਨੂੰ ਵੋਟਿੰਗ ਵਿੱਚ ਕੋਈ ਰੁਕਾਵਟ ਆਉਂਦੀ ਹੈ, ਤਾਂ Election@toronto.ca 'ਤੇ ਈਮੇਲ ਕਰਕੇ ਜਾਂ 311 'ਤੇ ਕਾਲ ਕਰਕੇ ਟੋਰੌਂਟੋ ਇਲੈਕਸ਼ਨਜ਼ ਨਾਲ ਸੰਪਰਕ ਕਰੋ।

## ਵੋਟਿੰਗ ਸਥਾਨ

ਉਹ ਸਾਰੇ ਟਿਕਾਣੇ ਜਿੱਥੇ ਤੁਸੀਂ ਵੋਟ ਕਰਦੇ ਹੋ ਪਹੁੰਚਯੋਗ ਹੋਣਗੇ। ਹਰੇਕ ਟਿਕਾਣੇ ਬਾਰੇ ਜਾਣਕਾਰੀ, ਉਦਾਹਰਨ ਲਈ ਰੈਂਪ, ਆਟੋਮੈਟਿਕ ਡੋਰ ਓਪਨਰ ਜਾਂ ਵੋਟਰ ਅਸਿਸਟ ਟਰਮੀਨਲ, ਇੱਥੇ ਉਪਲਬਧ ਹੈ: toronto.ca/ByElection।

## ਪਹੁੰਚਯੋਗ ਵੋਟਿੰਗ ਉਪਕਰਨ

ਵੋਟਰ ਅਸਿਸਟ ਟਰਮੀਨਲ ਇੱਕ ਬੈਲਟ-ਮਾਰਕਿੰਗ ਯੰਤਰ ਹੈ ਜੋ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਆਪਣੀ ਬੈਲਟ ਨੂੰ ਨਿੱਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਚਿੰਨ੍ਹਿਤ ਕਰਨ ਦੀ ਇਜਾਜ਼ਤ ਦਿੰਦਾ ਹੈ। ਵਿਸ਼ੇਸ਼ਤਾਵਾਂ ਵਿੱਚ ਇੱਕ ਟੱਚ ਸਕਰੀਨ, ਇੱਕ ਆਡੀਓ ਫੰਕਸ਼ਨ, ਇੱਕ ਬਰੇਲ ਕੀ ਪੈਡ, ਇੱਕ ਸਿਪ/ਪਫ ਟਿਊਬ ਡਿਵਾਈਸ, ਇੱਕ ਰੌਕਰ ਪੈਡਲ/ਫੁੱਟ ਸਵਿੱਚ ਅਤੇ ਫੌਂਟ ਦੇ ਆਕਾਰ ਅਤੇ ਰੰਗ ਦੇ ਵਿਪਰੀਤਤਾ ਨੂੰ ਅਨੁਕੂਲ ਕਰਨ ਲਈ ਜ਼ੂਮ ਵਿਸ਼ੇਸ਼ਤਾਵਾਂ ਸ਼ਾਮਲ ਹਨ।

ਵੋਟਰ ਅਸਿਸਟ ਟਰਮੀਨਲ ਸਾਰੇ ਐਡਵਾਂਸ ਵੋਟ ਸਥਾਨਾਂ 'ਤੇ ਉਪਲਬਧ ਹੋਣਗੇ। ਜੇਕਰ ਤੁਹਾਨੂੰ ਚੋਣਾਂ ਵਾਲੇ ਦਿਨ ਵੋਟਰ ਅਸਿਸਟ ਟਰਮੀਨਲ ਦੀ ਵਰਤੋਂ ਕਰਨ ਦੀ ਲੋੜ ਹੈ ਅਤੇ ਕੋਈ ਤੁਹਾਡੇ ਨਿਰਧਾਰਤ ਵੋਟਿੰਗ ਸਥਾਨ 'ਤੇ ਸਥਿਤ ਨਹੀਂ ਹੈ, ਤਾਂ ਤੁਸੀਂ 311 'ਤੇ ਕਾਲ ਕਰਕੇ ਆਪਣੀ ਬੈਲਟ ਟ੍ਰਾਂਸਫਰ ਕਰਨ ਲਈ ਬੇਨਤੀ ਕਰ ਸਕਦੇ ਹੋ।

## ਹੋਰ ਸੇਵਾਵਾਂ

- ਜੇਕਰ ਤੁਸੀਂ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਦੇ ਯੋਗ ਨਹੀਂ ਹੋ, ਤਾਂ ਡਾਕ ਰਾਹੀਂ ਵੋਟ ਪਾਉਣ ਲਈ ਅਪਲਾਈ ਕਰੋ। ਅਪਲਾਈ ਕਰਨ ਲਈ toronto.ca/VoteByMail 'ਤੇ ਜਾਓ।
- ਵੋਟ ਕਿਵੇਂ ਪਾਉਣੀ ਹੈ ਇਸ ਬਾਰੇ ਹਦਾਇਤਾਂ ਸਾਰੀਆਂ ਵੋਟਿੰਗ ਥਾਵਾਂ 'ਤੇ ਬਰੇਲ ਅਤੇ 26 ਭਾਸ਼ਾਵਾਂ ਵਿੱਚ ਉਪਲਬਧ ਹੋਣਗੀਆਂ।
- ਘੱਟ ਨਜ਼ਰ ਵਾਲੇ ਵੋਟਰਾਂ ਦੀ ਸਹਾਇਤਾ ਲਈ ਸਾਰੇ ਵੋਟਿੰਗ ਸਥਾਨਾਂ 'ਤੇ ਵੱਡਦਰਸ਼ੀ ਸ਼ੀਟਾਂ ਉਪਲਬਧ ਹੋਣਗੀਆਂ।
- ਜੇਕਰ ਤੁਸੀਂ ਵੋਟਿੰਗ ਸਥਾਨ ਦੇ ਅੰਦਰ ਜਾਣ ਲਈ ਸਰੀਰਕ ਤੌਰ 'ਤੇ ਅਸਮਰੱਥ ਹੋ, ਤਾਂ ਤੁਸੀਂ ਵੋਟਿੰਗ ਸਥਾਨ ਦੇ ਅੰਦਰ ਕਿਸੇ ਹੋਰ ਖੇਤਰ ਵਿੱਚ ਸਹਾਇਤਾ ਲਈ ਬੇਨਤੀ ਕਰ ਸਕਦੇ ਹੋ, ਉਦਾਹਰਨ ਲਈ, ਪਾਰਕਿੰਗ ਲਾਟ ਜਾਂ ਕਰਬਸਾਈਡ 'ਤੇ। ਵਧੇਰੇ ਜਾਣਕਾਰੀ ਲਈ 311 'ਤੇ ਕਾਲ ਕਰੋ।
- ਜੇਕਰ ਤੁਸੀਂ ਆਪਣੇ ਬੈਲਟ 'ਤੇ ਖੁਦ ਨਿਸ਼ਾਨ ਲਗਾਉਣ ਵਿੱਚ ਅਸਮਰੱਥ ਹੋ ਤਾਂ ਤੁਸੀਂ ਮਦਦ ਲਈ ਕਿਸੇ ਦੋਸਤ ਨੂੰ ਨਾਲ ਲਿਆ ਸਕਦੇ ਹੋ ਜਾਂ ਤੁਸੀਂ ਕਿਸੇ ਚੋਣ ਅਧਿਕਾਰੀ ਨੂੰ ਸਹਾਇਤਾ ਲਈ ਕਹਿ ਸਕਦੇ ਹੋ।
- ਸਾਰੇ ਵੋਟਿੰਗ ਸਥਾਨ ਸਹਾਇਕ ਵਿਅਕਤੀਆਂ ਅਤੇ ਸਰਵਿਸ ਵਾਲੇ ਜਾਨਵਰਾਂ ਦੀ ਵਰਤੋਂ ਦਾ ਸੁਆਗਤ ਕਰਦੇ ਹਨ।
- ਇੱਕ ਬੈਲਟ ਟ੍ਰਾਂਸਫਰ ਦੀ ਬੇਨਤੀ ਉਹਨਾਂ ਹਾਲਤਾਂ ਵਿੱਚ ਕੀਤੀ ਜਾ ਸਕਦੀ ਹੈ ਜਿੱਥੇ ਇੱਕ ਵੋਟਰ ਉਹਨਾਂ ਦੇ ਨਿਰਧਾਰਤ ਵੋਟਿੰਗ ਸਥਾਨ ਤੇ ਇੱਕ ਰੁਕਾਵਟ ਦਾ ਸਾਹਮਣਾ ਕਰ ਰਹੇ ਹੋਣ। 311 ਨੂੰ ਪਹਿਲਾਂ ਹੀ ਕਾਲ ਕਰੋ।

- ਜੇਕਰ ਤੁਸੀਂ ਉਪਲਬਧ ਵੋਟਿੰਗ ਦਿਨਾਂ 'ਤੇ ਵਿਅਕਤੀਗਤ ਤੌਰ 'ਤੇ ਜਾਂ ਡਾਕ ਰਾਹੀਂ ਵੋਟ ਪਾਉਣ ਦੇ ਯੋਗ ਨਹੀਂ ਹੋ, ਤਾਂ ਤੁਸੀਂ ਵੋਟਿੰਗ ਪ੍ਰੌਕਸੀ ਨਿਯੁਕਤ ਕਰ ਸਕਦੇ ਹੋ, VoterRegistration@toronto.ca 'ਤੇ ਈਮੇਲ ਕਰੋ।
- ਬੋਲ਼ੇ ਜਾਂ ਘੱਟ ਸੁਣਨ ਵਾਲੇ ਲੋਕਾਂ ਲਈ ਚੋਣ ਜਾਣਕਾਰੀ TTY ਲਾਈਨ ਨੂੰ 416-338-OTTY (0889) 'ਤੇ ਕਾਲ ਕਰਕੇ ਉਪਲਬਧ ਹੈ।

toronto.ca/AccessibleElections 'ਤੇ ਹੋਰ ਜਾਣੋ

# ਸਵੀਕਾਰਯੋਗ ਪਛਾਣ

ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਪਛਾਣ (ਆਈਡੀ) ਦੀ ਲੋੜ ਹੁੰਦੀ ਹੈ। ਤੁਹਾਡਾ ਨਾਮ ਅਤੇ ਯੋਗ ਟੋਰੌਂਟੋ ਪਤਾ ਦਿਖਾਉਣ ਵਾਲੀ ID ਦਾ ਇੱਕ ਪੀਸ ਲਿਆਉਣਾ ਯਾਦ ਰੱਖੋ। ਤੁਹਾਡੇ ਵੋਟਰ ਜਾਣਕਾਰੀ ਕਾਰਡ ਦੀ ਵਰਤੋਂ ID ਦੇ ਪੀਸ ਵਜੋਂ ਨਹੀਂ ਕੀਤੀ ਜਾ ਸਕਦੀ।

## ਸਵੀਕਾਰਯੋਗ ID ਦੀਆਂ ਉਦਾਹਰਨਾਂ:

- ਓਨਟੈਰੀਓ ਦੁਆਰਾ ਜਾਰੀ ਕੀਤਾ ਡਰਾਈਵਿੰਗ ਲਾਇਸੈਂਸ ਜਾਂ ਮੋਟਰ ਵਹੀਕਲ ਪਰਮਿਟ (ਵਾਹਨ ਦਾ ਹਿੱਸਾ), ਫੋਟੋ ਕਾਰਡ।
- ਰੱਦ ਕੀਤਾ ਵਿਅਕਤੀਗਤ ਚੈੱਕ, ਕ੍ਰੈਡਿਟ ਕਾਰਡ ਜਾਂ ਬੈਂਕ ਖਾਤਾ ਸਟੇਟਮੈਂਟ।
- ਹਾਈਡਰੋ, ਟੈਲੀਫੋਨ ਜਾਂ ਕੇਬਲ ਟੀਵੀ, ਪਾਣੀ, ਗੈਸ ਲਈ ਯੁਟਿਲਟੀ ਬਿੱਲ ਜਾਂ ਪਬਲਿਕ ਯੁਟਿਲਟੀ ਕਮਿਸ਼ਨ ਤੋਂ ਇੱਕ ਬਿੱਲ।
- ਕਿਸੇ ਰੁਜ਼ਗਾਰਦਾਤਾ ਦੁਆਰਾ ਜਾਰੀ ਕੀਤੇ ਗਏ ਸਟੱਬ, T4 ਸਟੇਟਮੈਂਟ ਜਾਂ ਤਨਖਾਹ ਦੀ ਰਸੀਦ।
- ਓਨਟੈਰੀਓ ਵਰਕਸ ਜਾਂ ਓਨਟੈਰੀਓ ਡਿਸਅਬਿਲਟੀ ਸਪੋਰਟ ਪ੍ਰੋਗਰਾਮ ਦੀ ਡਾਇਰੈਕਟ ਡਿਪੌਜ਼ਿਟ ਸਟੇਟਮੈਂਟ।
- ਪ੍ਰਾਪਰਟੀ ਟੈਕਸ ਅਸੈਸਮੈਂਟ, ਇਨਕਮ ਟੈਕਸ ਅਸੈਸਮੈਂਟ ਨੋਟਿਸ, ਚਾਈਲਡ ਟੈਕਸ ਬੈਨੀਫਿਟ ਸਟੇਟਮੈਂਟ।
- ਮੌਰਗੇਜ ਸਟੇਟਮੈਂਟ, ਲੀਜ਼ ਜਾਂ ਰੈਂਟਲ ਐਗਰੀਮੈਂਟ।
- ਪੋਸਟ-ਸੈਕੰਡਰੀ ਸਕੂਲ ਤੋਂ ਟ੍ਰਾਂਸਕ੍ਰਿਪਟ ਜਾਂ ਰਿਪੋਰਟ ਕਾਰਡ।
- ਦਫ਼ਤਰ ਜਾਂ ਪੋਸਟ-ਸੈਕੰਡਰੀ ਸੰਸਥਾ ਵਿੱਚ ਵਿਦਿਆਰਥੀ ਨਿਵਾਸ ਲਈ ਜ਼ਿੰਮੇਵਾਰ ਅਧਿਕਾਰੀਆਂ ਦੁਆਰਾ ਜਾਰੀ ਕੈਂਪਸ ਨਿਵਾਸ ਦਰਸਾਉਣ ਵਾਲਾ ਦਸਤਾਵੇਜ਼।
- ਕੈਨੇਡਾ, ਓਨਟੈਰੀਓ ਜਾਂ ਓਨਟੈਰੀਓ ਦੀ ਕਿਸੇ ਨਗਰਪਾਲਿਕਾ ਤੋਂ ਕੋਈ ਹੋਰ ਦਸਤਾਵੇਜ਼ ਜਾਂ ਓਨਟੈਰੀਓ ਦੀ ਕਿਸੇ ਅਦਾਲਤ ਦੁਆਰਾ ਜਾਰੀ ਜਾਂ ਪ੍ਰਮਾਣਿਤ ਦਸਤਾਵੇਜ਼।
- ਇੰਡੀਅਨ ਐਕਟ (ਕੈਨੇਡਾ) ਦੇ ਅਧੀਨ ਸਥਾਪਤ ਓਨਟੈਰੀਓ ਵਿੱਚ ਬੈਂਡ ਕੌਂਸਲ ਦਾ ਕੋਈ ਵੀ ਦਸਤਾਵੇਜ਼।
- ਬੀਮਾ ਪਾਲਿਸੀ ਜਾਂ ਬੀਮਾ ਸਟੇਟਮੈਂਟ।
- ਕਿਸੇ ਵਿੱਤੀ ਸੰਸਥਾ ਨਾਲ ਲੋਨ ਐਗਰੀਮੈਂਟ ਜਾਂ ਹੋਰ ਵਿੱਤੀ ਐਗਰੀਮੈਂਟ।
- ਭੁਗਤਾਨ ਕੀਤੇ ਰੁਜ਼ਗਾਰ ਬੀਮਾ ਲਾਭਾਂ ਦੀ ਸਟੇਟਮੈਂਟ T4E।
- ਓਲਡ ਏਜ ਸਿਕਿਉਰਿਟੀ T4A (OAS), ਕੈਨੇਡਾ ਪੈਨਸ਼ਨ ਪਲਾਨ ਲਾਭ T4A (P), ਕੈਨੇਡਾ ਪੈਨਸ਼ਨ ਪਲਾਨ ਦੇ ਯੋਗਦਾਨਾਂ ਦੀ ਸਟੇਟਮੈਂਟ।
- ਵਰਕਪਲੇਸ ਸੇਫਟੀ ਅਤੇ ਇੰਸ਼ੋਰੈਂਸ ਬੋਰਡ ਦੇ ਲਾਭਾਂ ਦੀ ਸਟੇਟਮੈਂਟ T5007।

- CNIB ਕਾਰਡ ਜਾਂ ਕਿਸੇ ਹੋਰ ਰਜਿਸਟਰਡ ਚੈਰੀਟੇਬਲ ਸੰਸਥਾ ਦਾ ਕਾਰਡ ਜੋ ਅਸਮਰਥ ਵਿਅਕਤੀਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।
- ਹੋਮ ਦੇ ਪ੍ਰਸ਼ਾਸਕ ਦੁਆਰਾ ਜਾਰੀ ਲੌਂਗ-ਟਰਮ ਕੇਅਰ ਹੋਮਜ਼ ਐਕਟ, 2007 ਦੇ ਅਧੀਨ ਲੌਂਗ-ਟਰਮ ਕੇਅਰ ਹੋਮ ਵਿੱਚ ਰਿਹਾਇਸ਼ ਨੂੰ ਦਰਸਾਉਂਦਾ ਦਸਤਾਵੇਜ਼।

ਜੇਕਰ ਤੁਹਾਡੇ ਕੋਲ ਸਵੀਕਾਰਯੋਗ ID ਨਹੀਂ ਹੈ ਅਤੇ ਵੋਟਰ ਸੂਚੀ ਵਿੱਚ ਨਹੀਂ ਹੋ, ਤਾਂ ਤੁਹਾਨੂੰ ਬੈਲਟ ਪ੍ਰਾਪਤ ਕਰਨ ਲਈ ਆਪਣੀ ID ਨਾਲ ਵਾਪਸ ਆਉਣ ਲਈ ਕਿਹਾ ਜਾਵੇਗਾ।

# ਸੋਸ਼ਲ ਮੀਡੀਆ, ਵੈੱਬ ਅਤੇ ਈਮੇਲ

**ਟਵਿੱਟਰ:** @cityoftoronto

**ਫੇਸਬੁੱਕ:** City of Toronto

**ਇੰਸਟਾਗ੍ਰਾਮ:** @cityofto

**ਵੈੱਬਸਾਈਟ:** toronto.ca/ByElection

**ਈਮੇਲ:** elections@toronto.ca

# ਜਾਣਕਾਰੀ ਦਾ ਅਨੁਵਾਦ

ਜੇਕਰ ਤੁਹਾਨੂੰ ਕਿਸੇ ਹੋਰ ਭਾਸ਼ਾ ਵਿੱਚ ਜਾਣਕਾਰੀ ਚਾਹੀਦੀ ਹੈ ਤਾਂ 311 'ਤੇ ਕਾਲ ਕਰੋ ਜਾਂ toronto.ca/elections/Voters 'ਤੇ ਜਾਓ

TORONTO